ਮਾਡਲ ਟੈਸਟ ਪੇਪਰ

ਸ਼੍ਰੇਣੀ - ਬਾਰ੍ਹਵੀਂ

ਵਿਸ਼ਾ - ਸੰਗੀਤ (ਗਾਇਨ)

ਸੈਸ਼ਨ - 2023-2024

ਸਮਾਂ - 3 ਘੰਟੇ ਕੁਲ ਅੰਕ – 45

ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਗਾਇਕ ਦਾ ਕੋਈ ਇੱਕ ਗੁਣ ਲਿਖੋ।
2. ਤਬਲੇ ਦੇ ਕਿਸੇ ਇੱਕ ਅੰਗ ਦਾ ਨਾਮ ਲਿਖੋ।
3. ਆਰੋਹੀ ਵਰਣ ਦੀ ਪਰਿਭਾਸ਼ਾ ਲਿਖੋ।
4. ਕਣ ਕਿੰਨੇ ਮੰਨੇ ਗਏ ਹਨ?
5. ਗਾਇਕ ਦਾ ਕੋਈ ਇੱਕ ਔਗੁਣ ਲਿਖੋ।
6. 72 ਥਾਂਟਾਂ ਦਾ ਸਿਧਾਂਤ ਕਿਸ ਦਾ ਸੀ?
7. ਰਾਗ ਮਾਲਕੌਂਸ ਦਾ ਵਾਦੀ ਸੁਰ ਕੀ ਹੈ?
8. ਭੈਰਵ ਕਿੰਨੇ ਸੁਰਾਂ ਦਾ ਰਾਗ ਹੈ?
9. ਰੂਪਕ ਦੀਆਂ ਮਾਤਰਾਵਾਂ ਦੱਸੋ?
10. ਸੂਲਤਾਲ ਦੇ ਵਿਭਾਗ ਦੱਸੋ? (10X1=10)

(ਖ) ਖਾਲੀ ਥਾਵਾਂ

11. ਦਰੁੱਤ ਖਿਆਲ ਦੀ ਪ੍ਰਕਿਰਤੀ ______ ਹੁੰਦੀ ਹੈ।
12. ਵਿਲੰਬਿਤ ਖਿਆਲ _______ ਮਾਤਰਾਵਾਂ ਦਾ ਹੁੰਦਾ ਹੈ।
13. ਖੱਬੇ ਤਬਲੇ ਨੂੰ _________ ਵੀ ਕਹਿੰਦੇ ਹਨ।
14. ਝੱਪਤਾਲ ਦੀ ਦੂਜੀ ਮਾਤਰਾ ਤੇ ______ ਬੋਲ ਹੁੰਦਾ ਹੈ।
15. ਧਮਾਰ ਤਾਲ ਦੀ ਖਾਲੀ ਮਾਤਰਾ _______ ਹੈ। (5x1=5)

(ਗ) ਸਹੀ/ਗ਼ਲਤ

16. ਸਿਆਹੀ ਦਾ ਰੰਗ ਨੀਲਾ ਹੁੰਦਾ ਹੈ।
17. ਨਰਿੰਦਰ ਬੀਬਾ ਜੀ ਇੱਕ ਸ਼ਾਸਤਰੀ ਗਾਇਕ ਸਨ।
18. ਰੂਪਕ ਤਾਲ ਨੂੰ ਅੱਧਾ ਤਾਲ ਵੀ ਕਿਹਾ ਜਾਂਦਾ ਹੈ।
19. ਝੱਪਤਾਲ ਸ਼ਾਸਤਰੀ ਤਾਲ ਹੈ। (4x1=4)

ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਹਰਮੋਨੀਅਮ ਦਾ ਕੋਈ ਦੋ ਅੰਗਾਂ ਬਾਰੇ ਲਿਖੋ।
21. ਛਾਇਆਲਗ ਰਾਗਾਂ ਬਾਰੇ ਲਿਖੋ
22. ਸੰਗੀਤ ਵਿੱਚ ਤਾਲ ਦੇ ਮਹੱਤਵ ਬਾਰੇ ਲਿਖੋ।
23. ਗਾਇਕ ਬਾਰੇ ਸੰਖੇਪ ਵਿੱਚ ਲਿਖੋ।
24. ਥਾਟ ਦੇ ਕੋਈ ਦੋ ਨਿਯਮ ਲਿਖੋ।
25. ਰਾਗ ਭੈਰਵ ਦੀਆਂ ਕੋਈ ਦੋ ਤਾਨਾਂ ਲਿਖੋ।
26. ਰਾਗ ਮਾਲਕੌਂਸ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।
27. ਰਾਗ ਖਮਾਜ ਦਾ ਪਰਿਚੈ ਲਿਖੋ I (8X2=16)

ਭਾਗ - ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਉਸਤਾਦ ਬੜੇ ਗ਼ੁਲਾਮ ਅਲੀ ਖਾਨ ਜੀ ਦੇ ਜੀਵਨ ਬਾਰੇ ਲਿਖੋ।

ਜਾਂ

ਉਸਤਾਦ ਭੀਮਸੇਨ ਜੋਸ਼ੀ ਜੀ ਦੇ ਜੀਵਨ ਬਾਰੇ ਲਿਖੋ।

29. ਰੂਪਕ ਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।

ਜਾਂ

ਇੱਕਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ। (2x5=10)